# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 11 ਫਰਵਰੀ 2026 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਕਿੰਗਜ਼ ਕੌਂਸਲ ਕਮਲਜੀਤ ਕੌਰ ਲੇਹਲ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 11 ਫਰਵਰੀ : ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਬੀਤੇ ਦਿਨ ਲੇਹਲ ਲਾਅ ਲੀਗਲ ਸਰਵਿਸਜ਼ ਦੀ ਮਾਲਕ ਤੇ ਸੰਚਾਲਕ ਕਮਲਜੀਤ ਕੌਰ ਲੇਹਲ ਨੂੰ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਸੁਸਾਇਟੀ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਪਲੈਕ ਭੇਟ ਕਰਕੇ ਉਨ੍ਹਾਂ ਵੱਲੋਂ ਕਾਨੂੰਨੀ ਖੇਤਰ ਵਿੱਚ ਕੀਤੀਆਂ ਵਰਣਨਯੋਗ ਸੇਵਾਵਾਂ ਦੀ ਸ਼ਲਾਘਾ ਕੀਤੀ।

ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਮਾਨਯੋਗ ਅਟਾਰਨੀ ਜਨਰਲ ਦੇ ਵਿਭਾਗ ਵੱਲੋਂ ਸੂਬੇ ਵਿੱਚ ਪ੍ਰੈਕਟਿਸ ਕਰਨ ਵਾਲੇ 31 ਪ੍ਰਮੁੱਖ ਵਕੀਲਾਂ ਨੂੰ "ਕਿੰਗਜ਼ ਕਾਉਂਸਲ (KC)" ਦੀ ਮਾਨਯੋਗ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ। ਕਮਲਜੀਤ ਕੌਰ ਲੇਹਲ ਦਾ ਨਾਮ ਵੀ ਇਸ ਮਾਣਯੋਗ ਸੂਚੀ ਵਿੱਚ ਸ਼ਾਮਲ ਹੈ। ਇਹ ਉਪਾਧੀ ਉਹਨਾਂ ਵਕੀਲਾਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਲੀਗਲ ਪ੍ਰੋਫੈਸ਼ਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੋਵੇ, ਨੈਤਿਕ ਮਾਪਦੰਡਾਂ ਨੂੰ ਉੱਚਾ ਰੱਖਿਆ ਹੋਵੇ ਅਤੇ ਨਿਆਂ ਪ੍ਰਣਾਲੀ ਦੀ ਬਿਹਤਰੀ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੋਵੇ।

ਇਹ ਵੀ ਜ਼ਿਕਯੋਗ ਹੈ ਕਿ ਕਮਲਜੀਤ ਕੌਰ ਲੇਹਲ ਨੇ 1990 ਵਿੱਚ ਲੇਹਲ ਲਾਅ ਲੀਗਲ ਸਰਵਿਸਜ਼ ਦੀ ਸਥਾਪਨਾ ਕੀਤੀ ਸੀ। ਤਕਰੀਬਨ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਉਹ ਕਾਨੂੰਨੀ ਖੇਤਰ ਵਿੱਚ ਸਰਗਰਮ ਹਨ ਅਤੇ ਪਰਿਵਾਰਕ ਕਾਨੂੰਨ, ਇਮੀਗ੍ਰੇਸ਼ਨ, ਸਿਵਲ ਮੁਕੱਦਮੇਬਾਜ਼ੀ ਅਤੇ ਕਮਿਊਨਿਟੀ ਸੇਵਾਵਾਂ ਨਾਲ ਸੰਬੰਧਿਤ ਮਾਮਲਿਆਂ ਵਿੱਚ ਵਿਸ਼ੇਸ਼ ਤਜਰਬਾ ਰੱਖਦੇ ਹਨ। ਉਹ ਆਪਣੀ ਮਿਹਨਤ, ਪੇਸ਼ਾਵਰ ਇਮਾਨਦਾਰੀ ਅਤੇ ਸਮਾਜਕ ਸੇਵਾਵਾਂ ਲਈ ਜਾਣੇ ਜਾਂਦੇ ਹਨ ਅਤੇ ਕਈ ਸਮਾਜਿਕ, ਧਾਰਮਿਕ ਅਤੇ ਭਲਾਈ ਕਾਰਜਾਂ ਵਿੱਚ ਹਮੇਸ਼ਾਂ ਅੱਗੇ ਰਹਿੰਦੇ ਹਨ। ਉਹ ਨੌਜਵਾਨਾਂ ਨੂੰ ਕਾਨੂੰਨੀ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ ਅਤੇ ਕਮਿਊਨਿਟੀ ਵਿਚ ਕਾਨੂੰਨੀ ਜਾਗਰੂਕਤਾ ਮੁਹਿੰਮਾਂ ਵਿੱਚ ਭਾਗ ਲੈਂਦੇ ਰਹੇ ਹਨ।

ਸਨਮਾਨ ਸਮਾਰੋਹ ਦੌਰਾਨ ਸੁਸਾਇਟੀ ਦੇ ਪ੍ਰਬੰਧਕਾਂ ਨੇ ਕਮਲਜੀਤ ਕੌਰ ਲੇਹਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣ ਸਿਰਫ ਪਰਿਵਾਰ ਲਈ ਹੀ ਨਹੀਂ, ਸਗੋਂ ਸਾਰੀ ਕਮਿਊਨਿਟੀ ਲਈ ਗੌਰਵ ਦੀ ਗੱਲ ਹੈ। ਸਮਾਗਮ ਦੌਰਾਨ ਸੰਗਤ ਨੇ ਵੀ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖੀ ਕਾਰਜਾਂ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

## ਪੰਜਾਬੀ ਸੰਗੀਤ ਜਗਤ ਦੇ ਮਾਣਮੱਤੇ ਚਰਚਿਤ ਲੋਕ ਗਾਇਕ "ਮੀਤ ਸੰਧਵਾਂ ਜੀ" ਦਾ ਸਿੰਗਲ ਟਰੈਕ " ਵਾਈਪਨ ਮਰਚੈਂਟ" ਕੀਤਾ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ




ਫ਼ਰੀਦਕੋਟ 11 ਫਰਵਰੀ : ਅੱਜ ਪੰਜਾਬੀ ਸੰਗੀਤ ਜਗਤ ਦੇ ਲੋਕ ਗਾਇਕ "ਮੀਤ ਸੰਧਵਾਂ ਜੀ" ਦਾ ਦੂਸਰਾ ਸਿੰਗਲ ਟਰੈਕ "ਵਾਈਪਨ ਮਰਚੈਂਟ" ਸੰਗੀਤਕ ਪੱਤਰਕਾਰ ਤੇ ਫਿਲਮ ਜਰਨਲਿਸਟ ਅਤੇ "ਕਲਮਾਂ ਦੇ ਰੰਗ ਸਾਹਿਤ ਸਭਾ ( ਰਜਿ) ਫ਼ਰੀਦਕੋਟ ਦੇ ਪ੍ਰਧਾਨ ਸ਼ਿਵਨਾਥ ਦਰਦੀ ਫ਼ਰੀਦਕੋਟ ਜੀ ਦੇ ਗ੍ਰਹਿ ਦਸਮੇਸ਼ ਨਗਰ ਵਿਖੇ ਸੰਗੀਤਕ ਖੇਤਰ ਨਾਲ ਸਬੰਧਤ ਮਾਣਮੱਤੀਆਂ ਸਖਸ਼ੀਅਤਾਂ ਦੀ ਹਾਜਰੀ ਵਿੱਚ ਲੋਕ ਅਰਪਣ ਕੀਤਾ ਗਿਆ।

ਇਸ ਸਮੇਂ ਲੋਕ ਗਾਇਕ ਮੀਤ ਸੰਧਵਾਂ ਤੇ ਪ੍ਰੋਮੋਸ਼ਨ ਇੰਚਾਰਜ ਮਨਜੀਤ ਸਿੰਘ ਫ਼ਰੀਦਕੋਟੀਆਂ ਜੀ ਨੇ ਸੰਗੀਤਕ ਪ੍ਰੇਮੀਆ ਨੂੰ ਓਨਾਂ ਦੇ ਡਿਊਟ ਗੀਤ "ਦਾ ਫਾਈਟਸ" ਨੂੰ ਜਿਵੇ ਮਣਾਂ ਮੂਹੀ ਪਿਆਰ ਮੁਹੱਬਤ ਦਿੱਤਾ। ਓਸੇ ਤਰਾਂ ਹੀ ਇਸ ਸਿੰਗਲ ਟਰੈਕ "ਵਾਈਪਨ ਮਰਚੈਂਟ" ਨੂੰ ਵੀ ਪਿਆਰ ਮੁਹੱਬਤ ਬਖਸਣਾਂ ਗੁਜਾਰਿਸ਼ ਕੀਤੀ । ਇਸ ਸਿੰਗਲ ਟਰੈਕ ਨੂੰ ਵੱਧ ਤੋ ਵੱਧ ਲਾਈਕ,ਕਮੈਂਟ ਤੇ ਸੇਅਰ ਕਰਨਾ ਬੇਨਤੀ ਕੀਤੀ। ਇਸ ਸਿੰਗਲ ਦੇ ਗੀਤਕਾਰ ਹਨ , ਪ੍ਰਸਿੱਧ ਗੀਤਕਾਰ "ਹਰਪਾਲ ਸੰਧਵਾਂ ਜੀ" ਤੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ, ਚਰਚਿਤ ਸੰਗੀਤਕਾਰ "ਬਿੱਲਾ ਬਦਰਜ਼" ਨੇ। ਇਹ ਸਿੰਗਲ ਟਰੈਕ ਯੂਟਿਊਬ ਚੈਨਲ "ਮੀਤ ਐਸ.ਡੀ.ਐਚ" ਚੱਲੇਗਾ। ਇਸ ਦਾ ਫਿਲਮਾਂਕਣ ਖੂਬਸੂਰਤ ਲੋਕੇਸ਼ਨ ਕੀਤਾ ਗਿਆ। ਇਸ ਸਿੰਗਲ ਟਰੈਕ ਦੇ ਫਿਲਮਾਂਕਣ ਵਿੱਚ ਫਿਲਮ ਜਗਤ ਵਿਚ ਮੰਝੇ ਅਦਾਕਾਰ ਗਏ ਹਨ । ਇਹ ਪ੍ਰੋਜੈਕਟ ਬਾਏ ਪੰਜਾਬੀ ਲੋਕ ਗਾਇਕ ਇੰਦਰ ਮਾਨ ਜੀ ਸਨ। ਇਸ ਸਿੰਗਲ ਟਰੈਕ ਨੂੰ ਲੋਕ ਅਰਪਣ ਕਰਨ ਸਮੇਂ ਪੰਜਾਬੀ ਲੋਕ ਗਾਇਕਾ ਸਰਬਜੀਤ ਕੌਰ, ਕਮੇਡੀਅਨ ਲੱਖਾ ਤੇ ਸਿੰਮੀ , ਮਮਤਾ, ਅਸੀਸ ਕੁਮਾਰ,ਕੀਰਤ ਕੁਮਾਰ ਆਦਿ ਹਾਜ਼ਰ ਸਨ। ਸਭ ਨੇ ਲੋਕ ਗਾਇਕ "ਮੀਤ ਸੰਧਵਾਂ" ਤੇ ਓਨਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਤੇ ਏਸੇ ਤਰਾਂ ਚੰਗੇ ਕੰਟੈਟ ਲਿਆਉਣ ਦੀ ਆਸ ਜਤਾਈ।

## ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਨੇ ਕਾਰਜ ਸਾਧਕ ਅਫ਼ਸਰ ਨੂੰ ਸੌਂਪਿਆ ਮੰਗ ਪੱਤਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 11 ਫਰਵਰੀ : ਅਰਵਿੰਦ ਨਗਰ ਵਿਕਾਸ ਕਮੇਟੀ (ਰਜਿ:) ਕੋਟਕਪੂਰਾ ਵੱਲੋਂ ਸੰਤੋਖ ਸਿੰਘ ਚਾਨਾ ਪ੍ਰਧਾਨ ਦੀ ਅਗਵਾਈ ਹੇਠ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਦੀ ਗੈਰ ਮੌਜੂਦਗੀ ਵਿੱਚ ਇੱਕ ਮੰਗ ਪੱਤਰ ਉਹਨਾਂ ਦੇ ਪ੍ਰਤਿਨਿਧ ਨੂੰ ਦਿੱਤਾ ਗਿਆ। ਵਿਕਾਸ ਕਮੇਟੀ ਦੇ ਚੇਅਰਮੈਨ ਓਮ ਪ੍ਰਕਾਸ਼ ਗੋਇਲ ਨੇ ਦੱਸਿਆ ਹੈ ਕਿ ਮੰਗ ਪੱਤਰ ਵਿੱਚ ਅਧਿਕਾਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਅਰਵਿੰਦ ਨਗਰ ਕਾਲੋਨੀ ਵਿੱਚ ਪਿਛਲੇ ਕਾਫੀ ਸਮੇਂ ਤੋਂ ਅਵਾਰਾ ਕੁੱਤਿਆਂ ਦੀ ਗਿਣਤੀ ਬਹੁਤ ਜਿਆਦਾ ਵੱਧ ਗਈ ਹੈ। ਇਹਨਾਂ ਅਵਾਰਾ ਕੁੱਤਿਆਂ ਦੇ ਕਾਰਨ ਕਲੋਨੀ ਦੇ ਸਮੂਹ ਵਸਨੀਕਾਂ ਵਿੱਚ ਹਰ ਸਮੇਂ ਜਾਨ ਅਤੇ ਮਾਲ ਦਾ ਖਤਰਾ ਬਣਿਆ ਰਹਿੰਦਾ ਹੈ। ਇਹਨਾਂ ਅਵਾਰਾ ਕੁੱਤਿਆਂ ਦੇ ਕਾਰਨ ਕਈ



ਦੁਰਘਟਨਾਵਾਂ ਵੀ ਹੋ ਚੁੱਕੀਆਂ ਹਨ। ਮੰਗ ਪੱਤਰ ਵਿੱਚ ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਕਿ ਪਿਛਲੇ ਦਿਨੀਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਵੀ ਅਵਾਰਾ ਕੁੱਤਿਆਂ ਕਾਰਨ ਹੋ ਰਹੇ ਨੁਕਸਾਨ ਸਬੰਧੀ ਬਹੁਤ ਸਖ਼ਤ ਹੁਕਮ ਪਾਸ ਕੀਤੇ ਗਏ ਹਨ, ਜਿਸ ਵਿੱਚ ਅਵਾਰਾ ਕੁੱਤਿਆਂ ਨੂੰ ਫੜ੍ਹਕੇ ਸੁਰੱਖਿਅਤ ਥਾਵਾਂ (ਡਾਗ ਸ਼ੈਲਟਰਾਂ) ਵਿੱਚ ਭੇਜਣ ਦਾ ਹੁਕਮ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਸੰਸਾਰ ਭਰ 'ਚ ਰੈਬੀਜ ਨਾਲ ਹੋਣ ਵਾਲੀਆਂ ਮੌਤਾਂ 'ਚੋਂ 36 ਫੀਸਦੀ ਮੌਤਾਂ ਭਾਰਤ ਵਿੱਚ ਹੀ ਹੁੰਦੀਆਂ ਹਨ, ਭਾਵ ਹਰ ਸਾਲ 18,000 ਤੋਂ 20,000 ਤੱਕ ਮੌਤਾਂ ਰੈਬੀਜ ਨਾਲ ਹੁੰਦੀਆਂ ਹਨ। ਇਸ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਵਸਨੀਕਾਂ ਦੇ ਇਸ ਮਸਲੇ ਦਾ ਤੁਰੰਤ ਹੱਲ ਕੀਤਾ ਜਾਵੇ। ਵਿਕਾਸ ਕਮੇਟੀ ਦੇ ਪ੍ਰਧਾਨ ਸੰਤੋਖ ਸਿੰਘ ਚਾਨਾ ਵੱਲੋਂ ਮੌਕੇ ਤੇ ਹੀ ਅਧਿਕਾਰੀ ਨਾਲ ਫੋਨ 'ਤੇ ਕੀਤੀ ਗੱਲਬਾਤ ਸਮੇਂ ਅਧਿਕਾਰੀ ਵੱਲੋਂ ਵਫਦ ਨੂੰ ਭਰੋਸਾ ਦਿੱਤਾ ਗਿਆ ਕਿ ਇਸ ਮਸਲੇ ਦਾ ਜਲਦੀ ਹੱਲ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਕਾਸ ਕਮੇਟੀ ਦੇ ਅਹੁਦੇਦਾਰ ਨਾਜ਼ਰ ਸਿੰਘ ਸਿੱਧੂ, ਅਜਮੇਰ ਸਿੰਘ ਬਰਾੜ, ਮਨਦੀਪ ਸਿੰਘ ਸਰਾਂ, ਲਖਵਿੰਦਰ ਅਰੋੜਾ, ਪ੍ਰੋਫੈਸਰ ਮਨਵਿੰਦਰ ਸਿੰਘ, ਅੰਗਰੇਜ ਸਿੰਘ ਮਾਨ ਅਤੇ ਬਲਜਿੰਦਰ ਸਿੰਘ ਬੱਲੀ ਆਦਿ ਵੀ ਹਾਜ਼ਰ ਸਨ।

## ਪਿਛਲੇ ਦਿਨੀ ਇੱਕ ਜਵੈਲਰਜ ਦੀ ਦੁਕਾਨ ਤੇ ਹੋਈ ਚੋਰੀ ਨੂੰ ਬਠਿੰਡਾ ਪੁਲਿਸ ਨੇ ਕੀਤਾ ਟਰੇਸ

### ਮੱਧ ਪ੍ਰਦੇਸ਼ ਦੇ ਪਾਰਦੀ ਗੈਂਗ ਦੇ 4 ਦੋਸ਼ੀਆਂ ਨੂੰ ਕਾਬੂ ਕਰਕੇ ਉਹਨਾਂ ਦੇ ਕਬਜੇ ਵਿੱਚੋਂ 7 ਕਿੱਲੋ ਚੋਰੀ ਕੀਤੀ ਚਾਂਦੀ ਅਤੇ ਇੱਕ ਜੁਗਾੜੂ ਵਹੀਕਲ ਕੀਤਾ ਬਰਾਮਦ

### ਮੁੱਕਦਮਾ ਨੰਬਰ 14 ਮਿਤੀ 15.01.2026 ਅ/ਧ 331(4),305 ਭੰਸ਼ ਥਾਣਾ ਕੈਨਾਲ ਕਲੋਨੀ ਬਠਿੰਡਾ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 11 ਫਰਵਰੀ : ਸ੍ਰੀ ਗੌਰਵ ਯਾਦਵ ਆਈ.ਪੀ.ਐੱਸ ਮਾਨਯੋਗ ਡੀ.ਜੀ.ਪੀ, ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਹਰਜੀਤ ਸਿੰਘ ਆਈ.ਪੀ.ਐੱਸ. ਡੀ.ਆਈ.ਜੀ ਬਠਿੰਡਾ ਰੇਂਜ ਬਠਿੰਡਾ ਜੀ ਦੇ ਮਾਰਗ ਦਰਸ਼ਨ ਅਨੁਸਾਰ ਬਠਿੰਡਾ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਲਗਾਤਰ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸੇ ਲੜੀ ਤਹਿਤ ਡਾ. ਜਯੋਤੀ ਯਾਦਵ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ ਬਠਿੰਡਾ ਦੀ ਰਹਿਨੁਮਾਈ ਹੇਠ ਸ੍ਰ.ਨਰਿੰਦਰ ਸਿੰਘ ਪੀ.ਪੀ.ਐੱਸ, ਐੱਸ.ਪੀ (ਸਿਟੀ) ਬਠਿੰਡਾ ਅਤੇ ਸ੍ਰ. ਅੰਮ੍ਰਿਤਪਾਲ ਸਿੰਘ ਭਾਟੀ, ਪੀ.ਪੀ.ਐੱਸ ਡੀ.ਐੱਸ.ਪੀ (ਸਿਟੀ-1) ਬਠਿੰਡਾ ਦੀ ਅਗਵਾਈ ਵਿੱਚ ਮਿਤੀ 15.01.2026 ਨੂੰ ਉਕਤ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਸੀ, ਜਿਸ ਸਬੰਧੀ ਥਾਣਾ ਕੈਨਾਲ ਕਲੋਨੀ ਬਠਿੰਡਾ ਅਤੇ ਸੀ.ਆਈ.ਏ ਸਟਾਫ-2 ਦੀ ਪੁਲਿਸ ਪਾਰਟੀ ਨੇ ਮੁਕੱਦਮਾ ਉਕਤ ਵਿੱਚ ਮੁੱਦਈ ਮੁੱਕਦਮਾ ਨੂੰ ਜਵੈਲਰਜ ਦੀ ਦੁਕਾਨ ਵਿੱਚ ਚੋਰੀ ਕਰਨ ਵਾਲੇ 04 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜੇ ਵਿੱਚੋਂ 07 ਕਿੱਲੋ ਚੋਰੀ ਕੀਤੀ ਚਾਂਦੀ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ।

ਮੁਦੱਈ ਮੁਕੱਦਮਾ ਨੇ ਬਿਆਨ ਦਰਜ ਕਰਵਾਇਆ ਕਿ ਮਿਤੀ 14.01.2026 ਅਤੇ 15.1.2026 ਦੀ ਦਰਮਿਆਨੀ ਰਾਤ ਨੂੰ ਮੇਨ ਰੋਡ ਗਲੀ ਨੰਬਰ 5 ਪ੍ਰਤਾਪ ਨਗਰ ਬਠਿੰਡਾ ਵਿਖੇ ਪਾਰਸ ਜਵੈਲਰਜ ਨਾਮ ਦੀ ਦੁਕਾਨ ਤੇ ਕਰੀਬ 16-17 ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ, ਜਿਸ ਵਿੱਚ 6/7 ਕਿੱਲੋ ਦੇ ਕਰੀਬ ਚਾਂਦੀ ਅਤੇ ਕੁਝ ਨਗਦੀ ਦੀ ਚੋਰੀ ਕੀਤੀ ਸੀ।

ਇਸ ਚੋਰੀ ਦੀ ਵਾਰਦਾਤ ਨੂੰ ਟਰੇਸ ਕਰਨ ਲਈ ਬਠਿੰਡਾ ਪੁਲਿਸ ਦੀਆਂ ਵੱਖ-ਵੱਖ ਟੀਮਾਂ ਜਿਹਨਾਂ ਵੱਲੋਂ ਟੈਕਨੀਕਲ ਸੋਰਸਾਂ, ਹਿਊਮਨ ਇੰਟੈਲੀਜੈਂਸ ਅਤੇ ਸੀ.ਸੀ.ਟੀ.ਵੀ ਕੈਮਰਿਆਂ ਦੀ ਮੱਦਦ ਨਾਲ ਪੰਜਾਬ ਅਤੇ ਹਰਿਆਣਾ ਦੇ ਵੱਖ-ਵੱਖ ਜਿਲ੍ਹਿਆਂ ਜਿਵੇਂ ਹੁਸ਼ਿਆਰਪੁਰ, ਗੁਰਦਾਸਪੁਰ, ਜਲੰਧਰ, ਫਿਰੋਜਪੁਰ, ਜੀਂਦ ਕਰਨਾਲ, ਮੇਵਾਤ, ਰਿਵਾੜੀ ਤਫਤੀਸ਼ ਦੇ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰਨ ਤੇ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਵਾਰਦਾਤ ਵਿੱਚ ਸ਼ਾਮਿਲ 04 ਦੋਸ਼ੀਆਂ ਨੂੰ ਥਾਣਾ ਕੈਨਾਲ ਕਲੋਨੀ ਬਠਿੰਡਾ ਅਤੇ ਸੀ.ਆਈ.ਏ ਸਟਾਫ-2 ਦੀਆਂ ਪੁਲਿਸ ਪਾਰਟੀਆਂ ਨੇ ਅਨਿੱਲ ਉਰਫ ਅਮਪੁੜੀ ਪੁੱਤਰ ਅਸ਼ੋਕ ਕੁਮਾਰ ਸਹਾਰੀਆ ਵਾਸੀ ਨਿਆਪੁਰਾ ਜਿਲ੍ਹਾ ਕੋਟਾ, ਰਾਜਸਥਾਨ, ਗੋਵਿੰਦਾ ਪੁੱਤਰ ਬਾਦਲ ਵਾਸੀ ਨਵੀ ਸਬਜੀ ਮੰਡੀ ਬਾਜਾਖਾਨਾ ਰੋਡ ਬਰਨਾਲਾ, ਓਮੀ ਉਰਫ ਟਾਈਗਰ ਪੁੱਤਰ ਬਾਦਲ ਵਾਸੀ ਨਵੀ ਸਬਜੀ ਮੰਡੀ ਬਾਜਾਖਾਨਾ ਰੋਡ ਬਰਨਾਲਾ, ਬਿਕਰਮ ਵਰਮਾ ਪੁੱਤਰ ਰਾਜਵਿੰਦਰ ਵਰਮਾ ਵਾਸੀ ਅਹਿਮਦਗੜ੍ਹ ਨੇ ਇੱਕ ਗੈਂਗ ਬਣਾਇਆ ਹੋਇਆ ਹੈ, ਜੋ ਵੱਖ-ਵੱਖ ਰਾਜਾਂ ਵਿੱਚੋਂ ਚੋਰੀਆਂ ਕਰਦੇ ਹਨ।ਜਿਹਨਾਂ ਨੂੰ ਕਾਬੂ ਕਰਕੇ ਉਹਨਾਂ ਦੇ ਕਬਜੇ ਵਿੱਚੋਂ ਚੋਰੀ ਕੀਤੀ 07 ਕਿੱਲੋ ਚਾਂਦੀ ਅਤੇ ਇੱਕ ਜੁਗਾੜੂ ਫੀਟਰ ਰੇਹੜਾ ਬਰਾਮਦ ਕੀਤਾ ਗਿਆ।ਇਹ ਦੋਸ਼ੀ ਮੇਲਿਆਂ ਦੀ ਆੜ ਲੈ ਕੇ ਵੱਖ-ਵੱਖ ਜਿਲ੍ਹਿਆਂ ਵਿੱਚ ਜਾ ਕੇ ਆਪਣੀ ਠਹਿਰ ਬਣਾਉਦੇ ਸਨ,ਜਿਹਨਾਂ ਵਿੱਚੋਂ ਇਹਨਾਂ ਦੀਆਂ ਔਰਤਾਂ ਮੇਲੇ ਵਿੱਚ ਗੁਬਾਰੇ ਵੇਚਣ ਦਾ ਕੰਮ ਕਰਦੀਆਂ ਅਤੇ ਵਾਰਦਾਤ ਕਰਨ ਤੋਂ ਪਹਿਲਾਂ ਇਹ ਵਿਅਕਤੀ ਗਲੀਆਂ ਵਿੱਚ ਗੁਬਾਰੇ ਵੇਚਣ ਦਾ ਕੰਮ ਕਰਦੇ ਹੋਏ ਰੈਕੀ ਕਰਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ।ਜਦੋਂ ਮੇਲਾ ਖਤਮ ਹੋ ਜਾਂਦਾ ਸੀ ਤਾਂ ਇਹ ਉਹ ਏਰੀਆ ਛੱਡ ਕੇ ਰੇਲਗੱਡੀ ਰਾਹੀ ਅਗਲੀ ਚੋਰੀ ਦੀ ਵਾਰਦਾਤ ਲਈ ਕਿਸੇ ਹੋਰ ਏਰੀਏ ਵਿੱਚ ਲੱਗੇ ਮੇਲੇ ਤੇ ਚਲੇ ਜਾਂਦੇ ਸੀ।ਇਸ ਗੈਂਗ ਦੇ ਮੈਂਬਰਾਂ ਨੇ ਪੰਜਾਬ ਦੇ ਪਿੰਡ ਮੁਕੇਰੀਆਂ ਜਿਲ੍ਹਾ ਹੁਸ਼ਿਆਰਪੁਰ, ਜਲੰਧਰ, ਕੁਰਾਲੀ ਅਤੇ ਬਲਾਚੌਰ ਵਿਖੇ ਚੋਰੀਆਂ ਨੂੰ ਅੰਜਾਮ ਦਿੱਤਾ ਸੀ।ਉਪਰੋਕਤ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪੁੱਛਗਿੱਛ ਤੋਂ ਬਾਕੀ ਰਹਿੰਦੇ ਦੋਸ਼ੀਆਂ ਦੀ ਪਛਾਣ ਵੀ ਕੀਤੀ ਗਈ ਹੈ, ਜਿਹਨਾਂ ਨੂੰ ਗ੍ਰਿਫਤਾਰ ਕਰਨ ਲਈ ਵੱਖ-ਵੱਖ ਟੀਮਾਂ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ।ਜਿਹਨਾਂ ਪਾਸੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਬ੍ਰਾਮਦਗੀ :- 1. 7 ਕਿੱਲੋ ਚਾਂਦੀ, 2. ਵਾਰਦਾਤ ਸਮੇਂ ਵਰਤਿਆ ਇੱਕ ਜੁਗਾੜੂ ਵਹੀਕਲ

## ਸਿੱਖ ਸੱਭਿਆਚਾਰ 'ਤੇ ਪੰਜਾਬੀ ਸੱਭਿਆਚਾਰ ਦਾ ਹਮਲਾ

ਵਰਲਡ ਪੰਜਾਬੀ ਟਾਈਮਜ਼ ਰਣਜੀਤ ਸਿੰਘ ਦਮਦਮੀ ਟਕਸਾਲ




ਭਾਰਤ ਸਰਕਾਰ ਅਤੇ ਹੋਰ ਪੰਥ ਦੋਖੀਆਂ ਵੱਲੋਂ ਬੜੀ ਸਾਜ਼ਿਸ਼ ਤਹਿਤ ਸਿੱਖ ਇਤਿਹਾਸ, ਸਿੱਖੀ ਸਿਧਾਂਤ ਅਤੇ ਸਿੱਖ ਸੱਭਿਆਚਾਰ ਨੂੰ ਵਿਗਾੜਿਆ ਜਾ ਰਿਹਾ ਹੈ। ਸਿੱਖ ਸੱਭਿਆਚਾਰ ਉੱਤੇ ਹਿੰਦੂ ਸੱਭਿਆਚਾਰ ਅਤੇ ਅਖੌਤੀ ਪੰਜਾਬੀ ਸੱਭਿਆਚਾਰ ਦੇ ਹਮਲੇ ਹੋ ਰਹੇ ਹਨ। ਇਸ ਸਮੇਂ ਸਾਨੂੰ ਅਖੌਤੀ ਪੰਜਾਬੀ ਸੱਭਿਆਚਾਰ ਅਤੇ ਸਿੱਖ ਸੱਭਿਆਚਾਰ 'ਚ ਫ਼ਰਕ ਸਮਝਣ ਦੀ ਲੋੜ ਹੈ ਤਾਂ ਜੋ ਅਸੀਂ ਦੁਸ਼ਮਣ ਦੇ ਬਿਰਤਾਂਤ ਦਾ ਸ਼ਿਕਾਰ ਨਾ ਹੋਈਏ ਤੇ ਹਮੇਸ਼ਾਂ ਸੁਚੇਤ ਰਹੀਏ। ਚੇਤੇ ਰਹੇ ਕਿ ਸਾਡਾ ਇਤਿਹਾਸ ਅਤੇ ਸੱਭਿਆਚਾਰ ਤਾਂ ਸਰਹੰਦ ਦੀ ਨੀਂਹਾਂ ਅਤੇ ਚਮਕੌਰ ਦੀ ਗੜ੍ਹੀ ਹੈ। ਤੱਤੀਆਂ ਤਵੀਆਂ 'ਤੇ ਇੱਕ ਰਸ ਚੌਂਕੜਾਂ ਮਾਰ ਕੇ ਬਹਿਣਾ, ਸੀਸ 'ਤੇ ਤੱਤਾ ਰੇਤਾ ਪਵਾਉਣਾ, ਦੇਗਾਂ 'ਚ ਉਬਾਲ਼ੇ ਖਾਣੇ, ਬੰਦ-ਬੰਦ ਕਟਵਾਉਣੇ, ਆਰਿਆਂ ਨਾਲ਼ ਚੀਰੇ ਜਾਣਾ, ਪੁੱਠੀਆਂ ਖੱਲਾਂ ਲੁਹਾਉਣੀਆਂ, ਖੋਪਰ ਉਤਰਵਾਉਣੇ, ਧਰਮ ਦੀ ਖ਼ਾਤਰ ਸੀਸ ਤਲ਼ੀ 'ਤੇ ਟਿਕਾਉਣਾ, ਜਬਰ-ਜ਼ੁਲਮ ਵਿਰੁੱਧ ਜੂਝ ਕੇ ਲੜਨਾ-ਮਰਨਾ, ਟੈਂਕਾਂ-ਤੋਪਾਂ ਅੱਗੇ ਛਾਤੀ ਡਾਹੁਣੀ, ਧੀ-ਭੈਣ ਦੀ ਰਾਖੀ ਕਰਨੀ, ਸਰਬ-ਸਾਂਝੀਵਾਲਤਾ ਦਾ ਹੋਕਾ ਦੇਣਾ, ਲੋੜਵੰਦਾਂ ਨੂੰ ਲੰਗਰ ਛਕਾਉਣਾ, ਬਾਣੀ-ਬਾਣਾ, ਗੁਰਦੁਆਰੇ, ਤੀਰ-ਕਮਾਨ, ਘੋੜੇ, ਸ਼ਸਤਰ, ਕਿਰਪਾਨ, ਦਸਤਾਰ, ਕਕਾਰ ਤੇ ਅਰਦਾਸ 'ਚ ਸਰਬੱਤ ਦਾ ਭਲਾ ਮੰਗਣਾ ਏਹੀ ਸਿੱਖੀ ਸਿਧਾਂਤ ਅਤੇ ਸਿੱਖ ਸੱਭਿਆਚਾਰ ਹੈ। ਪਰ ਇਸ ਦੇ ਐਨ ਉਲ਼ਟ ਹੀਰ-ਰਾਂਝਾ, ਸੋਹਣੀ-ਮਹੀਵਾਲ ਤੇ ਮਿਰਜ਼ਾ-ਸਾਹਿਬਾ ਦੇ ਇਸ਼ਕ-ਮੁਸ਼ਕ ਦੀ ਕਹਾਣੀਆਂ, ਗਿੱਧਾ-ਭੰਗੜਾ, ਨਾਚ-ਗਾਣਾ, ਅਫ਼ੀਮ-ਭੁੱਕੀ, ਘਰ ਦੀ ਕੱਢੀ ਸ਼ਰਾਬ, ਲਲਕਾਰੇ ਮਾਰਨੇ, ਗਾਲ੍ਹਾਂ ਕੱਢਣੀਆਂ, ਕਬਰਾਂ 'ਤੇ ਮੇਲੇ ਲਾਉਣੇ, ਵਿਆਹਾਂ 'ਤੇ ਡਾਂਸਰਾਂ ਨਚਾਉਣੀਆਂ ਆਦਿਕ ਇਹ ਅਖੌਤੀ ਪੰਜਾਬੀ ਸੱਭਿਆਚਾਰ ਹੈ। ਹਥਿਆਰਬੰਦ ਸਿੱਖ ਸੰਘਰਸ਼ 'ਚ ਖੜੋਤ ਆਉਣ ਤੋਂ ਬਾਅਦ ਹਿੰਦ ਹਕੂਮਤ ਵੱਲੋਂ ਅਖੌਤੀ ਪੰਜਾਬੀ ਸੱਭਿਆਚਾਰ ਅਤੇ ਹਿੰਦੁਸਤਾਨੀ ਸੱਭਿਆਚਾਰ ਨੂੰ ਸਿੱਖ ਸੱਭਿਆਚਾਰ ਉੱਤੇ ਜ਼ਬਰਦਸਤੀ ਥੋਪਿਆ ਗਿਆ ਤੇ ਸਿੱਖ ਸੱਭਿਆਚਾਰ ਨੂੰ ਖ਼ਤਮ ਕਰਨ ਦੇ ਕੋਝੇ ਯਤਨ ਕੀਤੇ ਗਏ। 15 ਅਗਸਤ 1993 ਨੂੰ ਜ਼ਾਲਮ ਮੁੱਖ ਮੰਤਰੀ ਬਿਅੰਤ ਸਿਹੁੰ ਤੇ ਬੁੱਚੜ ਕੇ.ਪੀ.ਐੱਸ. ਗਿੱਲ ਨੇ ਪੰਜਾਬ ਦੀ ਧਰਤੀ ਤੋਂ ਸਿੱਖ ਜੁਝਾਰੂਆਂ ਨੂੰ ਖ਼ਤਮ ਕਰਨ ਦਾ ਦਾਅਵਾ ਕੀਤਾ ਸੀ ਅਤੇ ਥਾਂ-ਥਾਂ 'ਤੇ (ਅਖੌਤੀ) ਸੱਭਿਆਚਾਰਕ ਮੇਲੇ ਲਗਵਾਉਣੇ ਸ਼ੁਰੂ ਕੀਤੇ ਸਨ। ਇਹਨਾਂ ਮੇਲਿਆਂ ਰਾਹੀਂ ਸਿੱਖ ਕੌਮ ਨੂੰ ਅੱਯਾਸ਼ ਅਤੇ ਨਸ਼ੇੜੀ ਬਣਾਉਣ ਦਾ ਮੁੱਢ ਬੰਨ੍ਹਿਆ ਗਿਆ ਸੀ। ਕੁਲਦੀਪ ਮਾਣਕ, ਗੁਰਦਾਸ ਮਾਨ, ਸਰਦੂਲ ਸਿਕੰਦਰ, ਹੰਸ ਰਾਜ ਹੰਸ ਵਰਗੇ ਨਾਮੀ ਗਾਇਕ ਅਤੇ ਗੁਰਪ੍ਰੀਤ ਘੁੱਗੀ ਵਰਗੇ ਕਮੇਡੀਅਨ ਵੀ ਸਰਕਾਰ ਦੀ ਕਠਪੁਤਲੀ ਬਣੇ ਹੋਏ ਸਨ। ਸਿੱਖ ਸੱਭਿਆਚਾਰ ਅਤੇ ਸਿੱਖਾਂ 'ਚੋਂ ਜੁਝਾਰੂ ਜਜ਼ਬੇ ਨੂੰ ਖ਼ਤਮ ਕਰਨ ਲਈ ਸਰਕਾਰ ਨੇ ਇੱਕ ਨਵਾਂ ਅਖੌਤੀ ਸੱਭਿਆਚਾਰ ਘੜਿਆ, ਜਿਸ ਨੂੰ ਅਸੀਂ ਜਾਣੇ-ਅਨਜਾਣੇ ਵਿੱਚ ਆਪਣਾ ਪੰਜਾਬੀ ਸੱਭਿਆਚਾਰ ਮੰਨੀ ਬੈਠੇ ਹਾਂ ਤੇ ਆਪਣੇ ਧਰਮ ਦੇ ਸਿਧਾਂਤਾਂ ਤੋਂ ਕੋਹਾਂ ਦੂਰ ਹੁੰਦੇ ਜਾ ਰਹੇ ਹਾਂ। ਇਸ ਅਖੌਤੀ ਪੰਜਾਬੀ ਸੱਭਿਆਚਾਰ ਨੇ ਪੰਜਾਬ ਦੀ ਜਵਾਨੀ ਨੂੰ ਪਤਿਤਪੁਣੇ ਅਤੇ ਨਸ਼ਿਆਂ ਦੀ ਭੈੜੀ ਦਲਦਲ ਵੱਲ ਧਕੇਲ ਦਿੱਤਾ, ਤੇ ਜੁਝਾਰੂਆਂ ਦੀ ਕੌਮ ਨਚਾਰਾਂ ਦੀ ਕੌਮ ਬਣ ਕੇ ਰਹਿ ਗਈ, ਰਹਿੰਦੀ-ਖੂੰਹਦੀ ਕਸਰ ਪੰਜਾਬ ਦੇ ਮੌਜੂਦਾ ਗਾਇਕਾਂ ਨੇ ਕੱਢ ਦਿੱਤੀ। ਫੋਕੀ ਹਥਿਆਰਾਂ ਦੀ ਸ਼ੋਹਰਤ, ਬੜਕਾਂ, ਲਲਕਾਰੇ, ਅਸ਼ਲੀਲਤਾ, ਬਾਂਦਰ ਟਪੂਸੀਆਂ, ਕੁੱਕੜ ਦੀ ਕਲਗੀ ਤਰ੍ਹਾਂ ਵਾਲ਼ਾਂ ਦੀ ਕਟਿੰਗ, ਭਰਵੱਟੇ ਮੁਨਾਉਣੇ, ਟੋਪੀਆਂ ਪਾਉਣੀਆਂ, ਗਲਾਂ 'ਚ ਗਾਨੀਆਂ, ਪਾਟੀਆਂ ਜ਼ੀਨਾਂ ਆਦਿ ਨੇ ਨੌਜਵਾਨਾਂ ਦਾ ਬੇੜਾ ਗ਼ਰਕ ਹੀ ਕਰ ਦਿੱਤਾ ਹੈ। ਜਾਗਰੂਕ ਸਿੱਖ ਤਾਂ ਸਮੇਂ-ਸਮੇਂ 'ਤੇ ਇਸ ਘਟੀਆ ਵਰਤਾਰੇ ਦਾ ਵਿਰੋਧ ਕਰਦੇ ਰਹੇ ਪਰ ਹਿੰਦੁਸਤਾਨੀ ਹਾਕਮ ਬਾਜ ਨਾ ਆਏ ਕਿਉਂਕਿ ਸੱਤਾ ਦਾ ਹੰਕਾਰ ਸਿਰ ਚੜ੍ਹ ਕੇ ਬੋਲ ਰਿਹਾ ਹੈ ਤੇ ਸੁਖਬੀਰ ਬਾਦਲ, ਕੈਪਟਨ ਅਮਰਿੰਦਰ ਸਿੰਘ, ਰਾਜਾ ਵੜਿੰਗ, ਰਵਨੀਤ ਬਿੱਟੂ ਤੇ ਭਗਵੰਤ ਮਾਨ ਵਰਗੇ ਬਥੇਰੇ ਉਹਨਾਂ ਦੇ ਚਾਪਲੂਸ ਬਣੇ ਹੋਏ ਹਨ। ਸਾਡੇ ਨਾਇਕ ਅਮਰ ਚਮਕੀਲੇ ਵਰਗੇ ਨਹੀਂ ਹੋਣੇ ਚਾਹੀਦੇ ਜੋ ਗੰਦ ਪਰੋਸਦੇ ਰਹੇ ਤੇ ਅੱਜ ਵੀ ਬਥੇਰੇ ਗਾਇਕ ਅਤੇ ਅਦਾਕਾਰ ਹਕੂਮਤ ਦਾ ਸੰਦ ਬਣ ਕੇ ਸਿੱਖੀ ਦੀਆਂ ਜੜ੍ਹਾਂ ਵੱਢ ਰਹੇ ਹਨ। ਸਾਡੇ ਨਾਇਕ, ਪ੍ਰੇਰਨਾ ਸਰੋਤ ਅਤੇ ਰੋਲ ਮਾਡਲ ਤਾਂ ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਜੀ, ਨਵਾਬ ਕਪੂਰ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲ਼ੀਆ, ਜਰਨੈਲ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ ਅਤੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਵਰਗੇ ਸੂਰਮੇ ਹਨ ਜਿਨ੍ਹਾਂ ਨੇ ਆਪਣਾ ਤਨ-ਮਨ ਸਿੱਖੀ ਲੇਖੇ ਲਾਇਆ ਤੇ ਸੂਰਮਗਤੀ ਕਰਕੇ ਸ਼ਾਨਾਮੱਤਾ ਇਤਿਹਾਸ ਸਿਰਜਿਆ। ਮਿਰਜ਼ੇ ਵਾਲੇ ਜੰਡ ਤੋਂ ਅਸੀਂ ਕੀ ਲੈਣਾ, ਭਾਈ ਲਛਮਣ ਸਿੰਘ ਧਾਰੋਵਾਲੀ ਜਿਸ ਜੰਡ ਹੇਠ ਸ਼ਹੀਦ ਹੋਏ ਸਾਨੂੰ ਤਾਂ ਓਹੀ ਹਮੇਸ਼ਾਂ ਯਾਦ ਰਹਿਣਾ ਚਾਹੀਦਾ ਹੈ। ਸਿੱਖ ਸੱਭਿਆਚਾਰ ਸਾਨੂੰ ਸਿੱਖੀ ਨਾਲ ਜੋੜਦਾ ਹੈ ਤੇ ਪੰਜਾਬੀ ਸੱਭਿਆਚਾਰ ਸਾਨੂੰ ਮਨਮੱਤ ਵੱਲ ਤੋਰਦਾ ਹੈ, ਇਸ ਲਈ ਜਾਗਦੇ ਰਹੋ ਖ਼ਾਲਸਾ ਜੀ।